**Vigilance Bureau Punjab**

# Punjab vigilance officers took pledge to weed out corruption

Committed to eradicate evil of corruption from society : B.K. Uppal

Vigilance awareness week to be observed with theme 'Integrity-A way of Life'

Chandigarh, 29 October: In a bid to eradicate corruption from the society, Punjab Vigilance Bureau today observed vigilance awareness week at Punjab Vigilance Bhawan, S.A.S. Nagar where ADGP-cum-Chief Director Vigilance Bureau BK Uppal administered oath to all officials to eradicate corruption from the state.

While addressing the gathering, VB Chief Director said it is our moral duty to aware people about their rights. "In the current scenario, our job has increased tremendously and we should use this challenge as an opportunity to raise public awareness towards the policy of achieving transparency, accountability and corruption free governance", he added.

He informed that during this week, Bureau would run an awareness campaign across the state especially in educational institutes through various modes to make youth aware about the ill effects of corruption. Besides, public would be informed about the efforts being made by state vigilance bureau in preventing corruption in public offices. "During this week, VB would engage with students through declamations and competitions to make them strong to stand against this evil firmly" he said.

VB chief further added that the vigilance awareness week is being observed with the theme "Integrity - A way of life". He said during this week our focus would be on prevention side and creating awareness in society. He stated that apart from this, VB would identify those groups who were generally blamed for engaging in corruption and guide them to make some changes in their working.

-----------------

ਵਿਜੀਲੈਂਸ ਬਿਓਰ ਪੰਜਾਬ

## ਵਿਜੀਲੈਂਸ ਬਿਓਰੋ ਦੇ ਅਧਿਕਾਰੀਆਂ ਨੇ ਭ੍ਰਿਸਟਾਚਾਰ ਦੇ ਖਾਤਮੇ ਦਾ ਲਿਆ ਅਹਿਦ

ਸਮਾਜ ਵਿਚੋਂ ਭ੍ਰਿਸਟਾਚਾਰ ਦੀ ਬੁਰਾਈ ਦੇ ਖਾਤਮੇ ਲਈ ਵਿਜੀਲੈਂਸ ਵਚਨਬੱਧ: ਬੀ.ਕੇ. ਉੱਪਲ
'ਇਮਾਨਦਾਰੀ-ਜੀਵਨ ਦਾ ਇਕ ਰਾਹ' ਵਿਸੇ 'ਤੇ ਮਨਾਇਆ ਜਾਵੇਗਾ ਵਿਜੀਲੈਂਸ ਜਾਗਰੂਕਤਾ ਹਫਤਾ

ਚੰਡੀਗੜ੍ਹ, 29 ਅਕਤੂਬਰ:
ਸਮਾਜ ਵਿੱਚੋਂ ਭ੍ਰਿਸਟਾਚਾਰ ਦੇ ਖਾਤਮੇ ਲਈ ਪੰਜਾਬ ਵਿਜੀਲੈਂਸ ਬਿਓਰੋ ਵੱਲੋਂ ਅੱਜ ਪੰਜਾਬ ਵਿਜੀਲੈਂਸ ਭਵਨ, ਐਸ.ਏ.ਐਸ ਨਗਰ ਵਿਖੇ ਵਿਜੀਲੈਂਸ ਜਾਗਰੂਕਤਾ ਹਫਤਾ ਮਨਾਇਆ ਗਿਆ ਜਿਥੇ ਏ.ਡੀ.ਜੀ.ਪੀ.-ਕਮ-ਚੀਫ ਡਾਇਰੈਕਟਰ ਵਿਜੀਲੈਂਸ ਬਿਓਰੋ ਬੀ.ਕੇ. ਉੱਪਲ ਨੇ ਸਾਰੇ ਅਧਿਕਾਰੀਆਂ ਨੂੰ ਸੂਬੇ ਵਿੱਚੋਂ ਭ੍ਰਿਸਟਾਚਾਰ ਦੇ ਖਾਤਮੇ ਦੀ ਸਹੁੰ ਚੁਕਾਈ।

ਅਧਿਕਾਰੀਆਂ ਤੇ ਕਰਮਚਾਰੀਆਂ ਦੇ ਇਕੱਠ ਨੂੰ ਸੰਬੋਧਨ ਕਰਦਿਆਂ ਵਿਜੀਲੈਂਸ ਬਿਓਰੋ ਦੇ ਚੀਫ ਡਾਇਰੈਕਟਰ ਨੇ ਕਿਹਾ ਕਿ ਲੋਕਾਂ ਨੂੰ ਉਹਨਾਂ ਦੇ ਅਧਿਕਾਰਾਂ ਪ੍ਰਤੀ ਜਾਗਰੂਕ ਕਰਨਾ ਸਾਡੀ ਨੈਤਿਕ ਡਿਊਟੀ ਹੈ। ਉਹਨਾਂ ਕਿਹਾ ਕਿ ਮੌਜੂਦਾ ਸੰਦਰਭ ਵਿਚ ਸਾਡੀ ਜਿੰਮੇਵਾਰੀ ਵਿੱਚ ਵਾਧਾ ਹੋਇਆ ਹੈ ਅਤੇ ਸਾਨੂੰ ਇਸ ਚੁਣੌਤੀ ਨੂੰ ਪਾਰਦਰਸਤਾ, ਜਵਾਬਦੇਹੀ ਅਤੇ ਭ੍ਰਿਸਟਾਚਾਰ ਮੁਕਤ ਪ੍ਰਸਾਸਨ ਦੀ ਨੀਤੀ ਪ੍ਰਤੀ ਲੋਕ ਜਾਗਰੂਕਤਾ ਪੈਦਾ ਕਰਨ ਦੇ ਇੱਕ ਅਵਸਰ ਵਜੋਂ ਵਰਤਣਾ ਚਾਹੀਦਾ ਹੈ।

ਉਹਨਾਂ ਦੱਸਿਆ ਕਿ ਨੌਜਵਾਨਾਂ ਨੂੰ ਭ੍ਰਿਸਟਾਚਾਰ ਦੇ ਮਾੜੇ ਪ੍ਰਭਾਵਾਂ ਬਾਰੇ ਜਾਗਰੂਕ ਕਰਨ ਲਈ ਬਿਓਰੋ ਵੱਲੋਂ ਇਸ ਹਫਤੇ ਦੌਰਾਨ ਸੂਬੇ ਭਰ ਵਿੱਚ ਖਾਸਕਰ ਵਿਦਿਅਕ ਸੰਸਥਾਵਾਂ ਵਿੱਚ ਜਾਗਰੂਕਤਾ ਮੁਹਿੰਮ ਚਲਾਈ ਜਾਵੇਗੀ। ਇਸ ਦੇ ਨਾਲ ਹੀ ਸਰਕਾਰੀ ਦਫਤਰਾਂ ਵਿੱਚ ਭ੍ਰਿਸਟਾਚਾਰ ਦੀ ਰੋਕਥਾਮ ਲਈ ਸੂਬਾ ਵਿਜੀਲੈਂਸ ਬਿਓਰੋ ਵੱਲੋਂ ਕੀਤੇ ਜਾ ਰਹੇ ਯਤਨਾਂ ਪ੍ਰਤੀ ਲੋਕਾਂ ਨੂੰ ਜਾਣੂ ਕਰਵਾਇਆ ਜਾਵੇਗਾ। ਉਹਨਾਂ ਕਿਹਾ ਕਿ ਇਸ ਹਫਤੇ ਦੌਰਾਨ, ਵਿਜੀਲੈਂਸ ਬਿਓਰੋ ਭਾਸਨ ਅਤੇ ਮੁਕਾਬਲਿਆਂ ਰਾਹੀਂ ਵਿਦਿਆਰਥੀਆਂ ਨਾਲ ਜੁੜੇਗਾ ਤਾਂ ਜੋ ਇਸ ਬੁਰਾਈ ਵਿਰੁੱਧ ਦ੍ਰਿੜਤਾ ਨਾਲ ਖੜੇ ਹੋਣ ਲਈ ਉਨ੍ਹਾਂ ਨੂੰ ਮਜਬੂਤ ਬਣਾਇਆ ਜਾ ਸਕੇ।

ਵਿਜੀਲੈਂਸ ਬਿਓਰੋ ਦੇ ਮੁਖੀ ਨੇ ਅੱਗੇ ਕਿਹਾ ਕਿ ਵਿਜੀਲੈਂਸ ਜਾਗਰੂਕਤਾ ਹਫਤਾ "ਇਮਾਨਦਾਰੀ - ਜੀਵਨ ਦਾ ਇਕ ਰਾਹ' ਦੇ ਵਿਸੇ ਨਾਲ ਮਨਾਇਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਇਸ ਹਫਤੇ ਦੌਰਾਨ ਸਾਡਾ ਧਿਆਨ ਭ੍ਰਿਸਟਾਚਾਰ ਦੀ ਰੋਕਥਾਮ ਅਤੇ ਸਮਾਜ ਵਿੱਚ ਜਾਗਰੂਕਤਾ ਪੈਦਾ ਕਰਨ ਵੱਲ ਹੋਵੇਗਾ। ਉਹਨਾਂ ਦੱਸਿਆ ਕਿ ਇਸ ਤੋਂ ਇਲਾਵਾ, ਵਿਜੀਲੈਂਸ ਬਿਓਰੋ ਉਨ੍ਹਾਂ ਸਮੂਹਾਂ ਦੀ ਪਛਾਣ ਕਰੇਗਾ ਜਿਨ੍ਹਾਂ ਨੂੰ ਆਮ ਤੌਰ 'ਤੇ ਭ੍ਰਿਸਟਾਚਾਰ ਵਿੱਚ ਸਾਮਲ ਹੋਣ ਲਈ ਜੰਮਿੇਵਾਰ ਠਹਿਰਾਇਆ ਗਿਆ ਸੀ ਅਤੇ ਉਨ੍ਹਾਂ ਦੇ ਕੰਮਕਾਜ ਦੇ ਢੰਗ ਵਿਚ ਬਦਲਾਅ ਲਿਆਉਣ ਲਈ ਉਨ੍ਹਾਂ ਦਾ ਮਾਰਗ ਦਰਸਨ ਕਰੇਗਾ।

ਫੋਟੋ ਕੈਪਸਨ:
ਵਿਜੀਲੈਂਸ ਬਿਓਰੋ ਦੇ ਚੀਫ ਡਾਇਰੈਕਟਰ ਬੀ.ਕੇ. ਉੱਪਲ ਵਿਜੀਲੈਂਸ ਬਿਓਰੋ ਹੈਡਕੁਆਟਰ, ਐਸ.ਏ.ਐਸ ਨਗਰ ਵਿਖੇ ਵਿਜੀਲੈਂਸ ਜਾਗਰੂਕਤਾ ਹਫਤੇ ਮੌਕੇ ਬਿਓਰੋ ਦੇ ਅਧਿਕਾਰੀਆਂ ਨੂੰ ਸਹੁੰ ਚੁਕਾਉਂਦੇ ਹੋਏ।

----------